# ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਐਮ. ਪੀ. ਕੇ. ਪੀ. ਮਹਿੰਦਰ ਸਿੰਘ ਦਾ ਆਈ. ਓ. ਸੀ. ਯੂ. ਕੇ. ਸੈਂਟਰਲ ਸੂਇਟ ਵਿਖੇ ਨਿੱਘਾ ਸਵਾਗਤ



ਬਲਵਿੰਦਰ ਸਿੰਘ ਮਾਹਲ, ਗੁਰਮੇਲ ਗੈਰੀ, ਕਵੀ ਜੰਡੂ ਲਿਤਰਾਂਵਾਲਾ, ਅਮਰੀਕ ਦੇਵਗਨ, ਕੌਂਸਲੇਟ ਜਨਰਲ ਮਿ: ਸਵੈਨ, ਐਮ. ਪੀ. ਪੈਟ ਮੈਕਫੇਡਨ ਅਤੇ ਮਹਿਮਾਨ ।



ਬਿਲਸਟ- ਬੀਤੇ ਸ਼ੁੱਕਰਵਾਰ ਬਿਲਸਟਨ ਵਿਖੇ ਨਵੇਂ ਬਣੇ ਹਾਲ ਸੈਂਟਰਲ ਬੈਂਕੁਟਿੰਗ ਐਂਡ ਕਾਨਫਰੰਸ ਸੈਂਟਰ ਵਿੱਚ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਹਲਕਾ ਜਲੰਧਰ ਤੋਂ ਮੈਂਬਰ ਪਾਰਲੀਮੈਂਟ ਕੇ. ਪੀ. ਮਹਿੰਦਰ ਸਿੰਘ ਦੇ ਸਵਾਗਤ ਉਤੇ ਇੰਡੀਅਨ ਓਵਰਸੀਜ਼ ਕਾਂਗਰਸ ਕਮੇਟੀ ਯੂ. ਕੇ. ਵੱਲੋਂ ਸ਼ਾਨਦਾਰ ਰਿਸੈਪਸ਼ਨ ਪਾਰਟੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਲੋਕਲ ਭਾਈਚਾਰੇ ਤੋਂ ਇਲਾਵਾ ਵੁਲਵਰਹੈਂਪਟਨ ਕਾਂਗਰਸ ਕਮੇਟੀ ਦੇ ਪਤਵੰਤਿਆਂ ਨੇ ਵੱਧ ਚੜ੍ਹ ਕੇ ਸਹਿਯੋਗ ਦਿੱਤਾ । ਸ਼ਾਮ ਸਮੇਂ ਰੱਖੀ ਗਈ ਪਾਰਟੀ ਵਿੱਚ ਵੁਲਵਰਹੈਂਪਟਨ ਦੇ ਮੈਂਬਰ ਆਫ ਪਾਰਲੀਮੈਂਟ ਮਿ: ਪੈਟ ਮੈਕਫਡਨ, ਲੋਕਲ ਕੌਂਸਲਰ ਇਲਹਾਸ ਮੱਟੂ, ਸਾਬਕਾ ਮੇਅਰ ਲਾਰਡ ਤਰਸੇਮ ਸਿੰਘ, ਕੌਂਸਲੇਟ ਜਨਰਲ ਬ੍ਰਮਿੰਘਮ ਤੋਂ ਮਿ: ਸਵੈਨ, ਭਗਵਾਨ ਦਾਸ ਬੱਧਣ (ਸੀਨੀਅਰ ਪ੍ਰਧਾਨ ਇੰਡੀਅਨ ਓਵਰਸੀਜ਼) ਅਤੇ ਹੋਰ ਪਤਵੰਤੇ ਸੱਜਣਾਂ ਨੇ ਸ਼ਿਰਕਤ ਕਰ ਕੇ. ਪੀ. ਮਹਿੰਦਰ ਸਿੰਘ ਦਾ ਸਵਾਗਤ ਕੀਤਾ ।

ਪ੍ਰੋਗਰਾਮ ਦੀ ਸ਼ੁਰੂਆਤ ਸੈਂਟਰਲ ਸੁਇਟ ਹਾਲ ਦੀ ਸ਼ਾਨਦਾਰ ਸਟੇਜ ਤੋਂ ਪ੍ਰੋ: ਅਮਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਿਤਾਰ ਅਤੇ ਤਬਲੇ ਦੀਆਂ ਮਿੱਠੀਆਂ-ਮਿੱਠੀਆਂ ਧੁੰਨਾਂ ਰਾਹੀਂ ਕੀਤੀ । ਸਟੇਜ ਸੇਵਾ ਮਸ਼ਹੂਰ ਕਵਿਤਰੀ ਸਵਰਨ ਤਲਵਾੜ ਨੇ ਬਾਖੂਬੀ ਨਿਭਾਈ ਅਤੇ ਸਮੇਂ ਸਮੇਂ ਸਿਰ ਪ੍ਰਧਾਨਗੀ ਮੰਡਲ ਵਿੱਚ ਬੈਠੇ ਪਤਵੰਤਿਆਂ ਨੂੰ ਮਹਿਮਾਨਾਂ ਦੇ ਰੂ-ਬ-ਰੂ ਕਰਵਾਇਆ।ਭਗਵਾਨ ਦਾਸ ਬੱਧਣ ਨੇ ਆਏ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ । ਉਨ੍ਹਾਂ ਕਿਹਾ ਬਹੁਤ ਘੱਟ ਸਮੇਂ ਵਿੱਚ ਇਹ ਪ੍ਰੋਗਰਾਮ ਉਲੀਕਿਆ ਗਿਆ ਹੈ ਤਾਂ ਵੀ ਆਪ ਸਭਨਾਂ ਨੇ ਪਹੁੰਚ ਕੇ ਪ੍ਰੋਗਰਾਮ ਨੂੰ ਕਾਮਯਾਬ ਕੀਤਾ ਜਿਸ ਲਈ ਆਪ ਸਭ ਦੇ ਧੰਨਵਾਦੀ ਹਾਂ । ਉਨ੍ਹਾਂ ਕੇ. ਪੀ. ਮਹਿੰਦਰ ਸਿੰਘ ਵੱਲੋਂ ਪੰਜਾਬ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜ਼ਿਕਰ ਕਰ ਉਨ੍ਹਾਂ ਦੇ ਕੰਮਾਂ ਦੀ ਸ਼ਲਾਘਾ ਕੀਤੀ। ਮਿ: ਬੱਧਣ ਨੇ ਕਿਹਾ ਕਿ ਕੇ. ਪੀ. ਸਾਹਿਬ ਪੰਜਾਬ ਵਿੱਚ ਰਹਿੰਦੇ ਲੋਕਾਂ ਦੇ ਨਾਲ ਨਾਲ ਐਨ. ਆਰ. ਆਈਜ਼. ਦੇ ਮਸਲਿਆਂ ਨੂੰ ਹਮੇਸ਼ਾ ਹੀ ਸੁਲਝਾਉਣ ਦਾ ਯਤਨ ਕਰਦੇ ਹਨ । ਮਿ: ਬੱਧਣ ਨੇ ਕੇ. ਪੀ. ਮਹਿੰਦਰ ਸਿੰਘ ਦਾ ਆਪਣੇ ਕੀਮਤੀ ਸਮੇਂ ਵਿੱਚੋਂ ਇਸ ਪਾਰਟੀ ਲਈ ਉਚੇਚੇ ਸਮਾਂ ਕੱਢਣ ਲਈ ਆਈ. ਓ. ਸੀ. ਯੂ. ਕੇ. ਦੀ ਸਮੁੱਚੀ ਕਮੇਟੀ ਵੱਲੋਂ ਧੰਨਵਾਦ ਕੀਤਾ। ਐਮ. ਪੀ. ਪੈਟ ਮੈਕਫੈਡਨ ਨੇ ਭਾਰਤ ਅਤੇ ਯੂ. ਕੇ. ਦੇ ਗੂੜੇ ਸੰਬਧਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਭਾਰਤ ਦੇਸ਼ ਵਧੀਆ ਲੀਡਰਸ਼ਿੱਪ ਕਾਰਨ ਤਰੱਕੀ ਦੇ ਨਵੇਂ ਰਾਹਾਂ ਤੇ ਪੈ ਰਿਹਾ ਹੈ । ਉਨ੍ਹਾਂ ਕਿਹਾ ਅੱਜ ਉਹ ਬਹੁਤ ਹੀ ਖੁਸ਼ੀ ਮਹਿਸੂਸ ਕਰ ਰਹੇ ਹਨ ਕਿ ਭਾਰਤ ਦੇ ਤਜ਼ਰਬੇਕਾਰ ਸਿਆਸੀ ਲੀਡਰ ਨਾਲ ਉਨ੍ਹਾਂ ਦੀ ਵਿਸ਼ੇਸ਼ ਮੁਲਾਕਾਤ ਹੋਈ ਹੈ। ਇਨ੍ਹਾਂ ਤੋਂ ਇਲਾਵਾ ਮਿ: ਉਪਾਸ਼ਕ, ਦਲੀਪ ਨਾਹਰ ਅਤੇ ਮਿ: ਸਵੈਨ ਨੇ ਕੇ. ਪੀ. ਮਹਿੰਦਰ ਸਿੰਘ ਦੇ ਰਿਸੈਪਸ਼ਨ ਪਾਰਟੀ ਵਿੱਚ ਆਉਣ ਦਾ ਸਵਾਗਤ ਕੀਤਾ। ਮਿ: ਉਪਾਸ਼ਕ ਨੇ ਜ਼ਿਕਰ ਕੀਤਾ ਕਿ ਉਨ੍ਹਾਂ ਦਾ ਕੇ. ਪੀ. ਸਾਹਿਬ ਦੇ ਪਰਿਵਾਰ ਪ੍ਰਤੀ ਨਿੱਜੀ ਤਜਰਬਾ ਹੈ ਕਿ ਉਹ ਹਮੇਸ਼ਾਂ ਹੀ ਭਾਈਚਾਰੇ ਦੇ ਦੁੱਖ-ਸੁੱਖ ਉਤੇ ਜ਼ਰੂਰ ਪਹੁੰਚਦੇ ਹਨ। ਜਿਸ ਕਰਕੇ ਆਮ ਜਨਤਾ ਨਾਲ ਉਨ੍ਹਾਂ ਦੇ ਪਰਿਵਾਰ ਦੀ ਨੇੜਤਾ ਕਾਇਮ ਹੈ।

ਮੁੱਖ ਮਹਿਮਾਨ ਕੇ. ਪੀ. ਮਹਿੰਦਰ ਸਿੰਘ ਨੇ ਆਏ ਮਹਿਮਾਨਾਂ ਨੂੰ ਸਬੰਧੋਨ ਹੁੰਦੇ ਕਿਹਾ ਕਿਹਾ ਕਿ ਆਪ ਸਭਨਾਂ ਦੀ ਮਿਹਨਤ ਸਦਕਾ ਅੱਜ ਪੰਜਾਬ-ਭਾਰਤ ਤਰੱਕੀ ਦੇ ਰਾਹਾਂ ਉਤੇ ਚੱਲ ਰਿਹਾ ਹੈ । ਉਨ੍ਹਾਂ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆਂ ਗਾਂਧੀ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਚੰਗੀ ਲੀਡਰਸ਼ਿੱਪ ਦੀ ਖੂਬ ਸ਼ਲਾਘਾ ਕੀਤੀ ਅਤੇ ਕਿਹਾ ਡਾ. ਸਾਹਿਬ ਦੇ ਸੂਝਵਾਨ ਇਰਾਦਿਆਂ ਅਤੇ ਆਪਸੀ ਤਾਲਮੇਲ ਸਦਕਾ ਅੱਜ ਭਾਰਤ ਦੇਸ਼ ਆਰਥਿਕਤਾ ਤੰਗੀ ਦੇ ਦੌਰ ਵਿੱਚੋਂ ਵੀ ਬਹੁਤ ਤਰੱਕੀ ਨਾਲ ਅੱਗੇ ਵੱਧ ਰਿਹਾ ਹੈ । ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਕਮੇਟੀ ਨੇ ਲੋਕਾਂ ਦਾ ਹਮੇਸ਼ਾਂ ਸੁਧਾਰ ਹੀ ਕੀਤਾ ਹੈ ਅਤੇ ਆਮ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਫੈਸਲੇ ਲਏ ਹਨ। ਉਨ੍ਹਾਂ ਆਈ. ਓ. ਸੀ. ਯੂ. ਕੇ. ਦੀ ਸਮੁੱਚੀ ਕਮੇਟੀ ਖਾਸ ਕਰ ਮਿ: ਭਗਵਾਨ ਦਾਸ ਬੱਧਣ ਦੀ ਸੀਨੀਅਰ ਲੀਡਰਸ਼ਿੱਪ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਆਪ ਸਭ ਨੇ ਬਾਹਰਲੇ ਮੁਲਕਾਂ ਵਿੱਚ ਵੀ ਕਾਂਗਰਸ ਪਾਰਟੀ ਦਾ ਪ੍ਰਸਾਰ ਕਰ ਕਾਂਗਰਸ ਦੇ ਇਰਾਦਿਆਂ ਨੂੰ ਹੋਰ ਵੀ ਮਜ਼ਬੂਤ ਕੀਤਾ ਹੈ । ਅਖੀਰ ਉਨ੍ਹਾਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਦੀ ਅਪੀਲ ਕੀਤੀ ।

ਰਿਸੈਪਸ਼ਨ ਦੌਰਾਨ ਪ੍ਰੋ: ਅਮਰ ਸਿੰਘ ਅਤੇ ਉਨ੍ਹਾਂ ਦੀ ਹੋਣਹਾਰ ਸਪੁੱਤਰੀ ਸ੍ਰੀਮਤੀ ਪ੍ਰਭਜੋਤ ਕੌਰ ਨੇ ਆਪਣੀ ਮਧੁਰ ਅਵਾਜ਼ ਨਾਲ ਆਏ ਮਹਿਮਾਨਾਂ ਦਾ ਗਜ਼ਲ ਗਾਇਨ ਕਰਕੇ ਖੂਬ ਮਨੋਰੰਜਨ ਕੀਤਾ। ਪ੍ਰੋਗਰਾਮ ਵਿੱਚ ਉਸ ਸਮੇਂ ਹੋਰ ਵੀ ਰੰਗ ਲਗਾ ਮਸ਼ਹੂਰ ਕਵੀ ਜੰਡੂ ਲਿਤਰਾਂ ਵਾਲੇ ਨੇ ਕੇ. ਪੀ. ਮਹਿੰਦਰ ਸਿੰਘ ਦੀ ਆਮਦ ਉਤੇ ਇਕ ਕਵਿਤਾ ਪੜ੍ਹ ਕੇ ਉਨ੍ਹਾਂ ਦਾ ਸਵਾਗਤ ਕੀਤਾ । ਉਨ੍ਹਾਂ ਸ਼ਹੀਦ ਉਧਮ ਸਿੰਘ ਦੀ ਬਹਾਦਰੀ ਉਤੇ ਵੀ ਇਕ ਲੰਬੀ ਚੌੜੀ ਕਵਿਤਾ ਅਤੇ ਗੀਤ ਗਾ ਕੇ ਮਹਿਮਾਨਾਂ ਦੀ ਖੂਬ ਵਾਹ-ਵਾਹ ਖੱਟੀ ।

ਇਸ ਮੌਕੇ ਆਏ ਪਤਵੰਤੇ ਸੱਜਣਾਂ ਵਿੱਚੋਂ: ਸਤਨਾਮ ਸਿੰਘ ਕੇ. ਪੀ. (ਮਹਿੰਦਰ ਸਿੰਘ ਕੇ. ਪੀ. ਦੇ ਭਰਾ), ਬਲਵਿੰਦਰ ਮਾਹਲ (ਵੁਲਵਰਹੈਂਪਟਨ ਸਿੱਖ ਟੈਂਪਲ ਕਬੱਡੀ ਕਲੱਬ ਦੇ ਪ੍ਰਧਾਨ), ਗੁਰਮੇਲ ਗੈਰੀ, ਸਤਪਾਲ ਮੱਲ (ਸੈਂਟਰਲ ਪ੍ਰਧਾਨ ਆਈ. ਓ. ਸੀ.), ਦਿਲਬਾਗ ਬੁੰਗੇ (ਖਜ਼ਾਨਚੀ ਵੁਲਵਰਹੈਂਪਟਨ ਬ੍ਰਾਂਚ), ਹਰਬੰਸ ਸਿੰਘ ਬਾਗੜੀ (ਲੇਬਰ ਪਾਰਟੀ ਲੀਡਰ), ਰਾਮ ਲਾਲ (ਪੱਬ ਮਾਲਕ), ਅਜਮੇਰ ਲੋਚਨ, ਦਲੀਪ ਨਾਹਰ (ਚੇਅਰਮੈਨ ਆਈ. ਓ. ਸੀ. ਵੁਲਵਰਹੈਂਪਟਨ), ਅਮਰੀਕ ਦੇਵਗਨ (ਪ੍ਰਧਾਨ ਵੁਲਵਰਹੈਂਪਟਨ ਬ੍ਰਾਂਚ ਅਤੇ ਕਬੱਡੀ ਪ੍ਰਮੋਟਰ), ਸੁਖਵਿੰਦਰ ਸਿੰਘ (ਪ੍ਰਸਿੱਧ ਵਪਾਰੀ), ਜਨਕ ਰਾਜ, ਜੌਹਨ ਚੰਦਰ, ਨਿਰਮਲ ਬੱਧਣ, ਰਾਜ ਕੁਮਾਰ ਜੱਸਲ, ਚਰਨ ਦਾਸ ਰੱਤੂ, ਮਨੋਹਰ ਲਾਲ, ਕੁਲਦੀਪ ਸਿੰਘ ਸੇਠੀ, ਰਾਮ ਸਿੰਘ, ਅਜਮੇਰ ਲੋਚਨ, ਹਰਪ੍ਰੀਤ ਸਿੰਘ, ਪ੍ਰੋ: ਅਮਰ ਸਿੰਘ ਅਤੇ ਉਨ੍ਹਾਂ ਦੇ ਸਾਥੀ, ਰਿੰਪਲ ਅਤੇ ਉਨ੍ਹਾਂ ਦੇ ਸਾਥੀ, ਹਰਦੀਪ ਘੁੰਮਣ (ਡਰਬੀ) ਅਤੇ ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪਤਵੰਤੇ ਪਹੁੰਚੇ ਹੋਏ ਸਨ । ਪ੍ਰੋਗਰਾਮ ਦੌਰਾਨ ਸੈਂਟਰਲ ਸੁਇਟ ਵੱਲੋਂ ਬਹੁਤ ਹੀ ਵਧੀਆ ਰੋਟੀ ਪਾਣੀ ਦਾ ਇੰਤਜ਼ਾਮ ਕੀਤਾ ਗਿਆ ਸੀ । ਜਿਸ ਦਾ ਕਿ ਆਏ ਮਹਿਮਾਨਾਂ ਨੇ ਖੂਬ ਸਵਾਦ ਚੱਖਿਆ । ਪ੍ਰੋਗਰਾਮ ਦੇ ਅਖੀਰ ਵਿੱਚ ਕੌਂਸਲਰ ਮੱਟੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰ ਪਾਰਟੀ ਦੀ ਸਮਾਪਤੀ ਕੀਤੀ ।

**ਨੋਟ: ਪ੍ਰੋਗਰਾਮ ਦੀਆਂ ਤਸਵੀਰਾਂ ਰੰਗਦਾਰ ਸਫ਼ਿਆਂ ਤੇ ਦੇਖੋ ।**

# ਠੱਗੀ ਮਾਰਨ ਆਈ ਸ਼ਾਰਜ਼ਾਹ ਦੇ ਸੁਲਤਾਨ ਦੀ 'ਧੀ' ਕਾਬੂ

## ਦੁਬਈ 'ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਨੌਜਵਾਨਾਂ ਦੇ ਪਰਿਵਾਰਾਂ ਨੂੰ ਬਣਾਉਂਦੀ ਸੀ ਨਿਸ਼ਾਨਾ



ਜਗਰਾਓਂ-ਸ਼ਾਰਜਾਹ (ਦੁਬਈ) ਦੇ ਬਾਦਸ਼ਾਹ ਸੁਲਤਾਨ ਦਾ ਖੁਦ ਨੂੰ ਜਵਾਈ ਦੱਸ ਕੇ ਦੁਬਈ ਵਿੱਚ ਫਸੇ ਹੋਏ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪੰਜਾਬੀਆਂ ਦੇ ਘਰਾਂ ਵਿੱਚ ਫੋਨ ਕਰਕੇ ਪੈਸੇ ਦੀ ਮੰਗ ਕਰਨ ਵਾਲੇ ਗਿਰੋਹ ਦੀ ਇੱਕ ਬੀਬੀ ਨੂੰ ਪੁਲੀਸ ਨੇ ਫੜਿਆ ਹੈ। ਐੱਸ. ਐੱਸ. ਪੀ. ਹਰਿੰਦਰ ਸਿੰਘ ਚਾਹਲ ਨੇ ਦੱਸਿਆ ਕਿ ਡੀ. ਐੱਸ. ਪੀ. (ਡੀ.) ਭੁਪਿੰਦਰ ਸਿੰਘ ਦੀ ਅਗਵਾਈ ਹੇਠ ਐੱਸ. ਆਈ. ਟਹਿਲ ਸਿੰਘ ਇੰਚਾਰਜ ਐਂਟੀ ਨਾਰਕੋਟਿਕਸ ਸੈੱਲ ਨੇ ਇਤਲਾਹ ਦੇ ਆਧਾਰ 'ਤੇ ਸਰਬਜੀਤ ਕੌਰ ਪਤਨੀ ਰਣਜੀਤ ਸਿੰਘ ਵਾਸੀ ਪਿੰਡ ਮਹੀਆਂ ਵਾਲਾ ਥਾਣਾ ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ 'ਤੇ ਮਾਮਲਾ ਦਰਜ ਕਰਕੇ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ।

ਜ਼ਿਲ੍ਹਾ ਪੁਲੀਸ ਮੁਖੀ ਅਨੁਸਾਰ ਜਸਪ੍ਰੀਤ ਸਿੰਘ ਪੁੱਤਰ ਸੂਬਾ ਸਿੰਘ ਵਾਸੀ ਪਿੰਡ ਖੁਖਰਾਣਾ ਜ਼ਿਲ੍ਹਾ ਮੋਗਾ ਨੂੰ ਉਸ ਦੇ ਮੋਬਾਈਲ 'ਤੇ ਫ਼ੋਨ ਆਇਆ ਕਿ ਤੁਹਾਡਾ ਭਰਾ ਕੁਲਦੀਪ ਸਿੰਘ ਦੁਬਈ ਦੀ ਸ਼ਾਰਜਾਹ ਜੇਲ੍ਹ ਵਿੱਚ 17 ਕੈਦੀਆਂ ਨਾਲ ਸਜ਼ਾ ਭੁਗਤ ਰਿਹਾ ਹੈ। ਜੇਕਰ ਤੁਸੀਂ ਉਸ ਨੂੰ ਬਚਾਉਣਾ ਚਾਹੁੰਦੇ ਹੋ, ਤਾਂ ਤੁਸੀਂ ਸਾਨੂੰ 14 ਲੱਖ ਰੁਪਏ ਦਿਓ। ਫ਼ੋਨ 'ਤੇ ਗੱਲ ਕਰਨ ਵਾਲੇ ਨੇ ਖ਼ੁਦ ਨੂੰ ਸ਼ਾਰਜਾਹ ਦੇ ਸੁਲਤਾਨ ਦਾ ਜਵਾਈ ਦੱਸਿਆ ਤੇ ਆਪਣੇ ਸਹੁਰੇ ਅਤੇ ਬੇਗਮ ਨੂੰ ਕਹਿ ਕੇ ਕੁਲਦੀਪ ਸਿੰਘ ਦੀ ਜਾਨ ਬਚਾਉਣ ਦਾ ਦਾਅਵਾ ਕੀਤਾ ਅਤੇ ਕਿਹਾ ਕਿ ਸੁਲਤਾਨ ਦੀ ਕੁੜੀ (ਮੇਰੀ ਪਤਨੀ) ਇਸ ਸਮੇਂ ਮੇਰੇ ਨਾਲ ਪੰਜਾਬ ਆਈ ਹੋਈ ਹੈ।ਆਪਣੇ ਭਰਾ ਦੀ ਜਾਨ ਬਚਾਉਣ ਖ਼ਾਤਰ ਜਸਪ੍ਰੀਤ ਨੇ ਉਨ੍ਹਾਂ ਨਾਲ 6 ਲੱਖ ਰੁਪਏ ਵਿੱਚ ਸੌਦਾ ਤੈਅ ਕਰ ਲਿਆ। ਉਸ ਤੋਂ ਬਾਅਦ ਉਨ੍ਹਾਂ ਨੇ ਅਵਤਾਰ ਸਿੰਘ ਮੁੱਲਾਂਪੁਰੀ ਨਾਲ ਸੰਪਰਕ ਕੀਤਾ ਤੇ ਉਨ੍ਹਾਂ ਨਾਲ ਗੱਲਬਾਤ ਕਰਕੇ ਪੈਸੇ ਦੇਣ ਲਈ ਫਿਰੋਜ਼ਪੁਰ ਦੇ ਬੱਸ ਸਟੈਂਡ ਦੀ ਥਾਂ ਨਿਯਤ ਕੀਤੀ, ਜਿੱਥੇ ਡੀ. ਐੱਸ. ਪੀ. (ਡੀ.) ਭੁਪਿੰਦਰ ਸਿੰਘ ਦੀ ਅਗਵਾਈ ਹੇਠ ਐੱਸ. ਆਈ. ਟਹਿਲ ਸਿੰਘ ਪੁਲੀਸ ਪਾਰਟੀ ਨਾਲ ਬੱਸ ਅੱਡੇ ਫਿਰੋਜ਼ਪੁਰ ਵਿਖੇ ਜਸਪ੍ਰੀਤ ਸਿੰਘ ਨੂੰ ਨਾਲ ਲੈ ਕੇ ਉੱਥੇ ਨਾਕਾਬੰਦੀ ਕਰਕੇ ਬੈਠ ਗਏ। ਬੱਸ ਅੱਡੇ ਜ਼ੀਰਾ ਤੋਂ ਉਨ੍ਹਾਂ ਕੋਲੋਂ ਪੈਸੇ ਲੈਣ ਆਈ ਸਰਬਜੀਤ ਕੌਰ ਪਤਨੀ ਰਣਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦੋ ਸਾਥੀ ਦੌੜ ਗਏ।

# ਨਸ਼ੇੜੀ ਪਤੀ ਨੇ ਪਤਨੀ, ਬੇਟੀਆਂ ਤੇ ਬੇਟੇ 'ਤੇ ਸੁੱਟਿਆ ਤੇਜ਼ਾਬ



ਬਟਾਲਾ- ਬਟਾਲਾ ਨੇੜੇ ਇੱਕ ਨਸ਼ੇੜੀ ਪਤੀ ਵੱਲੋਂ ਜ਼ਾਲਮਾਨਾ ਕਰਤੂਤ ਕਰਦਿਆਂ ਆਪਣੀ ਪਤਨੀ, 2 ਬੇਟੀਆਂ ਤੇ ਇੱਕ ਨੌਜਵਾਨ ਬੇਟੇ ਦੇ ਮੂੰਹ 'ਤੇ ਤੇਜ਼ਾਬ ਸੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਗੁਰਮੀਤ ਸਿੰਘ ਪੁੱਤਰ ਨਰਿੰਜਣ ਸਿੰਘ ਵਾਸੀ ਪਿੰਡ ਕੋਟ ਧੰਦਲ ਜੋ ਕਿ ਨਸ਼ੇ ਕਰਨ ਦਾ ਆਦੀ ਹੈ, ਤੋਂ ਦੁਖੀ ਹੋ ਕੇ ਇਸ ਦੀ ਪਤਨੀ ਸੁਰਜੀਤ ਕੌਰ, ਮੁੰਡਾ ਕੈਪਟਨ ਸਿੰਘ ਸੋਨੂੰ ਅਤੇ ਕੁੜੀਆਂ ਕਿਰਨਪ੍ਰੀਤ ਕੌਰ ਤੇ ਰਮਨ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਵੱਖ ਹੁਸ਼ਿਆਰਪੁਰ ਵਿਖੇ ਰਹਿ ਰਹੇ ਸਨ।

ਬੀਤੇ ਦਿਨੀਂ ਸੁਰਜੀਤ ਕੌਰ ਆਪਣੇ ਬੱਚਿਆਂ ਸਮੇਤ ਮਮੇ ਸਹੁਰੇ ਸਾਊ ਸਿੰਘ ਦੇ ਘਰ ਬਟਾਲਾ ਤੋਂ 2 ਕਿਲੋਮੀਟਰ ਦੂਰ ਪੁਰਾਣਾ ਪਿੰਡ ਵਿਖੇ ਮਿਲਣ ਲਈ ਆਈ ਸੀ ਅਤੇ ਏਥੇ ਆਣ ਕੇ ਉਸ ਨੂੰ ਪਤਾ ਲੱਗਾ ਕਿ ਉਸ ਦੇ ਪਤੀ ਨੇ ਮਮੇ ਸਹੁਰੇ ਵਿਰੁੱਧ ਪੁਲੀਸ ਚੌਕੀ ਵਡਾਲਾ ਗ੍ਰੰਥੀਆਂ ਵਿਖੇ ਦਰਖ਼ਾਸਤ ਦਿੱਤੀ ਹੈ। ਜਦੋਂ ਇਹ ਆਪਣੇ ਬੱਚਿਆਂ ਸਮੇਤ ਪੁਲੀਸ ਚੌਕੀ ਨੂੰ ਜਾਣ ਲੱਗੀ, ਤਾਂ ਰਸਤੇ 'ਚ ਪੈਂਦੇ ਨਹਿਰ ਦੇ ਸੂਏ ਕੋਲ ਹੱਥ ਵਿੱਚ ਤੇਜ਼ਾਬ ਵਾਲਾ ਡੱਬਾ ਫੜੀ ਖੜ੍ਹੇ ਗੁਰਮੀਤ ਸਿੰਘ ਨੇ ਆਪਣੀ ਪਤਨੀ, 2 ਬੇਟੀਆਂ ਤੇ ਬੇਟੇ ਦੇ ਮੂੰਹ 'ਤੇ ਤੇਜ਼ਾਬ ਪਾ ਦਿੱਤਾ, ਜਿਸ ਨਾਲ ਇਨ੍ਹਾਂ ਸਾਰਿਆਂ ਦੇ ਚਿਹਰੇ ਬੁਰੀ ਤਰ੍ਹਾਂ ਝੁਲਸ ਗਏ। ਵਡਾਲਾ ਗ੍ਰੰਥੀਆਂ ਤੋਂ ਬੁੱਟਰ ਅਨੁਸਾਰ ਇਹ ਵੀ ਪਤਾ ਲੱਗਾ ਹੈ ਕਿ ਸੁਰਜੀਤ ਕੌਰ ਤੇ ਕੈਪਟਨ ਸਿੰਘ ਸੋਨੂੰ ਦੀਆਂ ਅੱਖਾਂ ਅਤੇ ਚਿਹਰੇ 'ਤੇ ਜ਼ਿਆਦਾ ਤੇਜ਼ਾਬ ਪੈਣ ਨਾਲ ਉਨ੍ਹਾਂ ਦੀ ਹਾਲਤ ਕਾਫ਼ੀ ਗੰਭੀਰ ਬਣੀ ਪਈ ਹੈ। ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਿਵਲ ਲਾਈਨ ਦੇ ਐੱਸ. ਐੱਚ. ਓ. ਇੰਸਪੈਕਟਰ ਕਸ਼ਮੀਰ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਉਕਤ ਤੇਜ਼ਾਬ ਪੀੜਤਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਪਹੁੰਚਾਇਆ। ਨਸ਼ੇੜੀ ਗੁਰਮੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਸਿਵਲ ਲਾਈਨ ਵਿਖੇ ਕੇਸ ਦਰਜ ਕਰ ਦਿੱਤਾ ਗਿਆ ਹੈ।